a2zpapers.com

Sr. No. 3630

Exam. Code: 110002
Subject Code : 3705

## B. Voc. Web Technology & Multimedia - 2nd Sem.

## (2517)

## Paper-112 Opt.(i): Punjabi Compulsory

**Time allowed: 3 hrs.** **Max. Marks: 50**

1. ਸਾਹਿਤ ਅਤੇ ਲੋਕ-ਸਾਹਿਤ ਲੇਖ ਦਾ ਸਾਰ ਲਿਖੋ।

ਜਾਂ

'ਮਨੁੱਖੀ ਅਧਿਕਾਰ' ਲੇਖ ਦਾ ਵਿਸ਼ਾ-ਵਸਤੂ ਲਿਖੋ। (10)

2. 'ਦਲਦਲ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

ਜਾਂ

ਸੰਤੋਖ ਸਿੰਘ ਧੀਰ ਦੀ ਕਹਾਣੀ ਕਲਾ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ। (10)

3. ਵਿਸ਼ੇਸ਼ਣ ਨੂੰ ਪਰਿਭਾਸ਼ਿਤ ਕਰਦੇ ਹੋਇਆਂ ਇਸਦਾ ਵਰਗੀਕਰਣ ਕਰੋ।

ਜਾਂ

ਸ਼ਬਦ ਬਣਤਰ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਸੰਕਲਪਾਂ ਬਾਰੇ ਜਾਣਕਾਰੀ ਦਿਉ। (10)

4. ਹੇਠ-ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ 'ਤੇ ਪੈਰ੍ਹਾ ਰਚਨਾ ਲਿਖੋ:-

ੳ) ਸੋਸ਼ਲ ਮੀਡੀਆ

ਅ) ਪੁਸਤਕਾਂ ਦੀ ਮਹੱਤਤਾ

ੲ) ਵਾਤਾਵਰਣ ਦੀ ਸੰਭਾਲ (5)

5. ਹੇਠ-ਲਿਖਿਆ ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:-

ਨੌਵੇਂ ਸਤਗੁਰੂ ਧਰਮ ਦੀ ਮੂਰਤਿ ਸਨ। ਉਸਰ ਰਹੇ ਨਵੇਂ ਸਮਾਜ ਨੂੰ ਉਨ੍ਹਾਂ ਨੇ ਆਤਮ ਤਿਆਗ ਅਤੇ ਪਰਉਪਕਾਰ ਦਾ ਸਬਕ ਚਾਂਦਨੀ ਚੌਕ, ਦਿੱਲੀ ਵਿੱਚ ਸੀਸ ਭੇਟ ਕਰਕੇ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਇਸ ਮਹਾਨ ਵਿਰਸੇ ਦੇ ਉੱਤਰਧਿਕਾਰੀ ਸਨ। ਸੰਗਤ, ਪੰਗਤ, ਸੰਗਠਨ ਕੇਂਦਰੀ ਸਥਾਨ, ਸ਼ਬਦ ਬੋਹਿਥ, ਗੁਰੂ ਗ੍ਰੰਥ ਸਾਹਿਬ, ਸੰਜਮ, ਬਿਬੇਕ ਤੇ ਪਰਉਪਕਾਰ ਨੇ ਨਿਧਾਂ ਦਾ ਭੰਡਾਰ ਇਹਨਾਂ ਦਾ ਅਮੁੱਲ ਵਿਰਸਾ ਸੀ। ਇਸ ਅਮੁੱਲ ਵਿਰਸੇ ਅਤੇ ਪ੍ਰਭੂ ਦੀ ਇਕੋ ਇਕ ਓਟ ਉਤੇ ਅਟਲ ਵਿਸ਼ਵਾਸ ਰੱਖਦਿਆਂ ਹੋਇਆਂ ਆਪ ਨੇ ਖਾਲਸਾ ਪੰਥ ਦੀ ਅਗਵਾਈ ਕੀਤੀ।

ਪਰਤੋ ਜੀ/-

a2zpapers.com
www.a2zpapers.com
We provide GNDU question papers, PTU question papers, PU question papers, LPU question papers, GNA university

a2zpapers.com



ਪ੍ਰਸ਼ਨ: 1. ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਪੰਥ ਦੀ ਅਗਵਾਈ ਕਿਵੇਂ ਕੀਤੀ?

2. ਇਹਨਾਂ ਦਾ ਅਮੁੱਲ ਵਿਰਸਾ ਕੀ ਸੀ?

3. ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਨੂੰ ਕੀ ਸਿੱਖਿਆ ਦਿੱਤੀ?

4. ਲਕੀਰੀ ਸ਼ਬਦਾਂ ਦੇ ਅਰਥ ਲਿਖੋ।

5. ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। (5)

6. ੳ) ਹੇਠ-ਲਿਖੇ ਅਖਾਣਾਂ ਵਿਚੋਂ ਪੰਜਾਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਇਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ:-

ਇਕ ਅਨਾਰ ਸੌ ਬੀਮਾਰ, ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ, ਝੂਠ ਦੇ ਪੈਰ ਨਹੀਂ ਹੁੰਦੇ, ਜਾ ਵਾਹ ਪਿਆ ਜਾਣੇ ਜਾਂ ਰਾਹ ਪਿਆ ਜਾਣੀਏ, ਜਾਂਦੇ ਚੋਰ ਦੀ ਲੰਗੋਟੀ ਹੀ ਸਹੀ, ਲਿਖੇ ਮੂਸਾ ਪੜ੍ਹੇ ਖ਼ੁਦਾ, ਕੰਧ ਓਹਲੇ ਪਰਦੇਸ, ਹੰਕਾਰਿਆ ਸੋ ਮਾਰਿਆ।

ਅ) ਹੇਠ-ਲਿਖੇ ਮੁਹਾਵਰਿਆਂ ਵਿਚੋਂ ਪੰਜਾਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਇਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ:

ਮਾਤ ਪਾ ਦੇਣਾ, ਥੁੱਕ ਕੇ ਚੱਟਣਾ, ਹੱਥ ਪੀਲੇ ਕਰਨਾ, ਅੱਗ ਵਰ੍ਹਨੀ, ਲੱਕ ਟੁੱਟ ਜਾਣਾ, ਦੰਦ ਖੱਟੇ ਕਰਨਾ, ਪੱਟੀ ਪੜ੍ਹਾਉਣੀ, ਲਹੂ ਪਸੀਨਾ ਇਕ ਕਰਨਾ। (5+5=10)

***********



a2zpapers.com
www.a2zpapers.com
We provide GNDU question papers, PTU question papers, PU question papers, LPU question papers, GNA university